ਆਪਣੇ ਆਪ ਮਿਲ ਗਿਆ । ਇਸੇ ਸਾਲ ਭਗਵਾਨ ਮਹਾਵੀਰ ਦੇ ਦੋ ਪ੍ਰਮੁਖ ਗਣਧਰ ਅਚੱਲਭਰਾਤਾ ਅਤੇ ਮੇਤਾਰਿਆ ਨੇ ਗੁਣਸ਼ੀਲ ਬਗੀਚੇ ਵਿਚ ਹੀ ਨਿਰਵਾਨ ਹਾਸਲ ਕੀਤਾ। ਭਗਵਾਨ ਮਹਾਵੀਰ ਕਾਫੀ ਸਮਾਂ ਆਸ ਪਾਸ ਦੇ ਸ਼ਹਿਰਾਂ, ਪਿੰਡਾਂ ਵਿਚ ਪ੍ਰਚਾਰ ਕਰਦੇ ਹੋਏ, ਨਾਲੰਦਾ ਸ਼ਹਿਰ ਵਿਖੇ ਪਧਾਰੇ । ਨਾਲੰਦਾ ਦੀ ਜਨਤਾ ਭਗਵਾਨ ਮਹਾਵੀਰ ਦੇ ਸਵਾਗਤ ਲਈ ਧਰਮ ਸਭਾ ਵਿਚ ਪੁਜੀ ।

ਅਨੇਕਾਂ ਮਹਾਨ ਆਤਮਾਵਾਂ ਨੇ ਭਗਵਾਨ ਮਹਾਵੀਰ ਦਾ ਉਪਦੇਸ਼ ਸੁਣ ਕੇ ਮੁਕਤੀ ਦਾ ਰਾਹ ਗ੍ਰਹਿਣ ਕੀਤਾ । ਭਗਵਾਨ ਮਹਾਵੀਰ ਨੇ ਆਪਣਾ ਇਹ ਚੌਮਾਸਾ ਨਾਲੰਦਾ ਵਿਖੇ ਕੀਤਾ ।

## ਉਨਤਾਲੀਵਾਂ ਸਾਲ–

ਨਾਲੰਦਾ ਚੌਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਵਿਦੇਹ ਦੇਸ਼ ਵੱਲ ਧਰਮ ਪ੍ਰਚਾਰ ਕਰਨ ਲਗੇ ।

ਧਰਮ ਰੂਪੀ, ਧਰਮ ਚੱਕਰ ਘੁਮਾਉਂਦੇ ਹੋਏ ਆਪ ਮਿਥਿਲਾ ਨਗਰੀ ਪਧਾਰੇ । ਭਗਵਾਨ ਮਹਾਵੀਰ ਦਾ ਇਹ ਚੌਮਾਸਾ ਬਹੁਤ ਮਹੱਤਵਪੂਰਨ ਸੀ । ਭਗਵਾਨ ਮਹਾਵੀਰ ਨੇ ਮਨੀਭੱਦਰ ਨਾਂ ਦੇ ਬਗੀਚੇ ਵਿਚ ਆਪਣੇ ਉਪਦੇਸ਼ ਦਿਤੇ । ਇਥੋਂ ਦੇ ਰਾਜਾ ਜਿਤਸ਼ਤਰੂ ਅਤੇ ਰਾਣੀ ਧਾਰਣੀ ਸ਼ਾਹੀ ਠਾਠ-ਬਾਠ ਨਾਲ ਆਪ ਦੀ ਭਗਤੀ ਲਈ ਪਹੁੰਚੇ ।

ਸਾਰਿਆਂ ਨੇ ਭਗਵਾਨ ਮਹਾਵੀਰ ਦਾ ਉਪਦੇਸ਼ ਸੁਣਿਆ । ਅਨੇਕਾਂ ਲੋਕਾਂ ਨੇ ਸੰਸਾਰ ਦੀ ਵਿਆਖਿਆ ਸਮਝ ਕੇ ਸਾਧੂ ਮਾਰਗ ਅਤੇ ਗ੍ਰਹਿਸਥ ਮਾਰਗ ਅਖਤਿਆਰ ਕੀਤਾ। ਇਸ ਸ਼ਹਿਰ ਵਿਚ ਹੀ ਗਣਧਰ ਗੌਤਮ ਇੰਦਰਭੂਤੀ ਨੇ ਭਗਵਾਨ ਮਹਾਵੀਰ ਤੋਂ ਭੂਗੋਲ, ਖਗੋਲ ਤੇ ਜੋਤਸ਼ ਸਬੰਧੀ ਅਨੇਕਾਂ ਪ੍ਰਸ਼ਨ ਪੁਛੇ । ਇਨ੍ਹਾਂ ਦੇ ਉਤਰ ਸਦਕਾ ਸੂਰਜ ਪ੍ਰਣਤੀ ਅਤੇ ਚੰਦਰ ਪ੍ਰਣਤੀ ਗ੍ਰੰਥਾਂ ਦੀ ਰਚਨਾ ਹੋਈ ।

ਇਨ੍ਹਾਂ ਪ੍ਰਸ਼ਨਾਂ ਵਿਚੋਂ ਕੁਝ ਦਿਲਚਸਪ ਪ੍ਰਸ਼ਨ ਇਸ ਪ੍ਰਕਾਰ ਹਨ ।

(1) ਸੂਰਜ ਸਾਲ ਵਿਚ ਕਿੰਨੇ ਗ੍ਰਹਿ ਦੇ ਆਲੇ ਦੁਆਲੇ ਘੁੰਮਦਾ ਹੈ ?
(2) ਸੂਰਜ ਤਿਰਛੀ ਦਿਸ਼ਾ ਵੱਲ ਕਿਵੇਂ ਚੱਲਦਾ ਹੈ ?
(3) ਸੂਰਜ ਤੇ ਚੰਦਰਮਾ ਕਿੰਨੇ ਖੇਤਰ ਵਿਚ ਪ੍ਰਕਾਸ਼ ਕਰਦੇ ਹਨ ?
(4) ਪ੍ਰਕਾਸ਼ ਵਾਲੀ ਜਗ੍ਹਾ ਕੈਸੀ ਹੈ ?
(5) ਸੂਰਜ ਦਾ ਪ੍ਰਕਾਸ਼ ਕਿਥੇ ਰੁਕਦਾ ਹੈ ?
(6) ਪ੍ਰਕਾਸ਼ ਦੀ ਗਤੀ ਕਿੰਨੇ ਸਮੇਂ ਦੀ ਹੈ ?
(7) ਕਿਹੜੇ ਪੁਦਗਲ ਸੂਰਜ ਦੇ ਪ੍ਰਕਾਸ਼ ਨੂੰ ਛੂੰਹਦੇ ਹਨ ?
(8) ਸੂਰਜ ਚੜ੍ਹਨ ਦੀ ਸਥਿਤੀ ਕੀ ਹੈ ?
(9) ਯੋਗ ਕਿਸਨੂੰ ਆਖਦੇ ਹਨ ?
(10) ਸਵਤਸਰ ਦਾ ਆਰੰਭ ਕਿਵੇਂ ਹੁੰਦਾ ਹੈ ?
(11) ਸਵਤਸਰ ਕਿੰਨੇ ਹਨ ?

(12) ਚੰਦਰਮਾ ਵਿਚ ਵਾਧਾ, ਘਾਟਾ ਕਿਉ ਦਿਖਾਈ ਦਿੰਦਾ ਹੈ ?
(13) ਕਿਸ ਸਮੇਂ ਚੰਦ ਦੀ ਚਾਂਦਨੀ ਵਧਦੀ ਹੈ ?
(14) ਚੰਦਰਮਾ, ਸੂਰਜ, ਗ੍ਰਹਿ, ਨੱਛਤਰ ਅਤੇ ਤਾਰੇ ਇਨ੍ਹਾਂ ਵਿਚੋਂ ਤੇਜ਼ ਚੱਲਣ ਵਾਲੇ ਕੌਣ ਹਨ ?
(15) ਚੰਦ ਦੀ ਚਾਂਦਨੀ ਦਾ ਲੱਛਣ ਕੀ ਹੈ ?
(16) ਅਸਮਾਨ ਤੇ ਕਿੰਨੇ ਚੰਦਰਮਾ ਅਤੇ ਸੂਰਜ ਹਨ ?
(17) ਜਮੀਨ ਤੋਂ ਚੰਦਰਮਾ ਦੀ ਉਚਾਈ ਕਿੰਨੀ ਹੈ ?
(18) ਚੰਦਰਮਾ ਤੇ ਸੂਰਜ ਕੀ ਹਨ ?

ਭਗਵਾਨ ਮਹਾਵੀਰ ਨੇ ਆਪਣਾ ਇਹ ਚੌਮਾਸਾ ਮਿਥਿਲਾ ਵਿਖੇ ਕੀਤਾ ।

## ਚਾਲੀਵਾਂ ਸਾਲ–

ਮਿਥਿਲਾ ਚੌਮਾਸਾ ਪੂਰਾ ਕਰਕੇ ਆਪ ਵਿਦੇਹ ਦੇ ਕਈ ਪਿੰਡਾਂ, ਸ਼ਹਿਰਾਂ ਵਿੱਚ ਘੁੰਮੇ। ਅਨੇਕਾਂ ਲੋਕਾਂ ਨੇ ਸਾਧੂ ਜੀਵਨ ਦੇ ਪੰਜ ਮਹਾਵਰਤ ਤੇ ਗ੍ਰਹਿਸਥ ਦੇ ਅਣੂਵਰਤ ਧਾਰਨ ਕੀਤੇ ।

ਆਪ ਨੇ ਆਪਣਾ ਇਹ ਚੌਮਾਸਾ ਲੋਕਾਂ ਦੀ ਬੇਨਤੀ ਤੇ ਮਿਥਿਲਾ ਵਿਖੇ ਕੀਤਾ ।

## ਇਕਤਾਲੀਵਾਂ ਸਾਲ –

ਮਿਥਿਲਾ ਨਗਰੀ ਦਾ ਚੌਮਾਸਾ ਪੂਰਾ ਕਰਕੇ ਭਗਵਾਨ ਮਹਾਵੀਰ ਮਗਧ ਦੇਸ਼ ਦੇ ਪਿੰਡਾਂ ਸ਼ਹਿਰਾਂ ਵਿੱਚ ਧਰਮ ਪ੍ਰਚਾਰ ਕਰਨ ਲਗੇ ।

ਇਥੇ ਗਣਧਰ ਗੌਤਮ ਨੇ ਭਗਵਾਨ ਮਹਾਵੀਰ ਸਵਾਮੀ ਤੇ ਕਈ ਰੋਚਕ ਪ੍ਰਸ਼ਨ ਪੁਛੇ । ਜਿਨ੍ਹਾਂ ਵਿਚ ਰਾਜਗ੍ਰਹਿ ਵਿਖੇ ਪਾਣੀ ਦੇ ਗਰਮ ਕੁੰਡ, ਆਯੂ, ਕਰਮ, ਮੱਨੁਖ ਲੋਕਵਿਚ ਮੱਨੁਖਾਂ ਦੀ ਬਸਤੀ, ਸੁਖ ਅਤੇ ਦੁੱਖ ਸਬੰਧੀ ਪ੍ਰਸ਼ਨ ਪ੍ਰਮੁਖ ਸਨ ।

ਇਸ ਸਾਲ ਅਗਨੀਭੂਤੀ ਅਤੇ ਵਾਯੂ ਭੂਤੀ ਗਣਧਰਾਂ ਨੇ ਰਾਜਗ੍ਰਹਿ ਦੇ ਗੁਣਸ਼ੀਲ ਬਗੀਚੇ ਵਿਚ ਮੁਕਤੀ ਪਦਵੀ ਹਾਸਲ ਕੀਤੀ ।

ਧਰਮ ਪ੍ਰਚਾਰ ਕਰਦੇ ਹੋਏ, ਭਗਵਾਨ ਮਹਾਵੀਰ ਇਕ ਵਾਰ ਰਾਜਗ੍ਰਹਿ ਵਿਖੇ ਗੁਣਸ਼ੀਲ ਬਗੀਚੇ ਵਿਚ ਪਧਾਰੇ । ਉਥੇ ਭਗਵਾਨ ਮਹਾਵੀਰ ਦਾ ਮਹਾਸਤਕ ਨਾਂ ਦਾ ਕਰੋੜਪਤੀ ਉਪਾਸਕ ਰਹਿੰਦਾ ਸੀ । ਉਸਨੂੰ ਗ੍ਰਹਿਸਥ ਦੇ 12 ਵਰਤਾਂ ਦਾ ਪਾਲਣ ਕਰਦੇ ਕਾਫੀ ਸਮਾਂ ਬੀਤ ਚੁੱਕਾ ਸੀ । ਇਕ ਵਾਰ ਉਸਨੂੰ ਧਰਮ ਅਰਾਧਨਾ ਕਰਦੇ ਨੂੰ ਅਵੱਧੀ ਗਿਆਨ ਹੋ ਗਿਆ। ਉਹ ਵੀ ਆਨੰਦ ਉਪਾਸਕ ਵਾਂਗ ਦੂਰ ਨੇੜੇ ਦੀਆਂ ਸੂਖਮ ਸਥੂਲ ਚੀਜ਼ਾਂ ਵੇਖਣ ਲਗਾ ।

ਇਕ ਦਿਨ ਮਹਾਸ਼ਤਕ ਪੋਸ਼ਧਸ਼ਾਲਾ ਵਿਚ ਬੈਠਾ ਧਰਮ ਦੀ ਆਰਾਧਨਾ ਕਰ ਰਿਹਾ ਸੀ । ਰੇਵਤੀ ਵੀ ਸ਼ਰਾਬ ਤੇ ਮਾਸ ਦੇ ਨਸ਼ੇ ਵਿਚ ਦੂਰ ਉਥੇ ਆ ਗਈ । ਉਹ ਮਹਾਸ਼ਤਕ ਨੂੰ ਨਸ਼ੇ ਵਿਚ ਬਾਰ ਬਾਰ ਕਾਮ ਭੋਗ ਦੀ ਪ੍ਰਾਰਥਨਾ ਕਰਨ ਲਗੀ । ਇਹ ਵੇਖ ਕੇ ਮਹਾਸਤਕ ਨੂੰ ਗੁਸਾ ਆ ਗਿਆ । ਉਸਨੇ ਅਵੱਧੀ ਗਿਆਨ ਨਾਲ ਰੇਵਤੀ ਦਾ ਭਵਿੱਖ ਵੇਖਿਆ । ਮਹਾਸ਼ਤਕ ਨੇ ਰੇਵਤੀ ਨੂੰ ਸ਼ਰਾਪ ਦਿੰਦੇ ਹੋਏ ਕਿਹਾ " ਹੇ ਰੇਵਤੀ ! ਤੂੰ ਆਪਣੇ ਭੈੜੇ ਕਰਮਾਂ ਕਾਰਣ ਸੱਤ

ਦਿਨ ਦੇ ਅੰਦਰ ਅੰਦਰ ਵਿਸੂਚਿਕਾ ਰੋਗ ਨਾਲ ਮਰ ਜਾਵੇਂਗੀ ਅਤੇ ਮਰ ਕੇ ਲੋਲਾਅਚਯੁਤ ਨਰਕ ਵਿਚ ਪੈਦਾ ਹੋਵੇਂਗੀ ।"

ਜਦ ਰੇਵਤੀ ਨੇ ਮਹਾਸ਼ਤਕ ਦੇ ਮੂੰਹੋ ਆਪਣਾ ਭਵਿਖ ਸੁਣਿਆ । ਉਸ ਦਾ ਸਾਰਾ ਨਸ਼ਾ ਉਤਰ ਗਿਆ । ਉਸਨੂੰ ਆਪਣੇ ਕੀਤੇ ਤੇ ਪਛਤਾਵਾ ਹੋਇਆ । ਪਰ ਰੇਵਤੀ ਮਹਾਸ਼ਤਕ ਦੇ ਕਥਨ ਅਨੁਸਾਰ 7ਵੇਂ ਦਿਨ ਮਰ ਕੇ ਨਰਕ ਵਿਚ ਪੈਦਾ ਹੋਈ ।

ਮਹਾਸ਼ਤਕ ਤੇ ਰੇਵਤੀ ਦੀ ਲੜਾਈ ਦਾ ਭਗਵਾਨ ਮਹਾਵੀਰ ਨੂੰ ਪਤਾ ਲਗਾ । ਉਨ੍ਹਾਂ ਗੌਤਮ ਸਵਾਮੀ ਨੂੰ ਬੁਲਾ ਕੇ ਕਿਹਾ, " ਹੇ ਗੌਤਮ ! ਮੇਰਾ ਮਹਾਸ਼ਤਕ ਨਾਂ ਦਾ ਉਪਾਸਕ ਇਸ ਸਮੇਂ ਪੋਸ਼ਧਸ਼ਾਲਾ ਵਿਚ ਬੈਠਾ ਧਰਮ ਅਰਾਧਨਾ ਕਰ ਰਿਹਾ ਹੈ । ਉਸਨੇ ਆਪਣੇ ਅਵਧੀ ਗਿਆਨ ਰਾਹੀਂ ਆਪਣੀ ਪਤਨੀ ਨੂੰ ਸਰਾਪ ਦਿੱਤਾ ਹੈ । ਪਰ ਗੌਤਮ ! ਉਸ ਦੀ ਅਜਿਹੀ ਕ੍ਰਿਆ ਠੀਕ ਨਹੀਂ ਹੈਂ । ਉਪਾਸਕ ਨੂੰ ਅਜਿਹੇ ਦਿਲ ਦੁਖਾਉਣ ਵਾਲੇ ਵਾਕ ਨਹੀਂ ਬੋਲਣੇ ਚਾਹੀਦੇ । ਮਹਾਸ਼ਤਕ ਦੇ ਇਸ ਵਿਵਹਾਰ ਕਾਰਣ ਰੇਵਤੀ ਨੂੰ ਦੁਖ ਪੁੱਜਾ ਹੈ । ਇਸ ਲਈ ਤੂੰ ਮਹਾਸ਼ਤਕ ਕੋਲ ਜਾ ਕੇ ਆਖ ਕਿ ਮਹਾਸ਼ਤਕ ਆਪਣੇ ਕੀਤੇ ਦਾ ਪ੍ਰਾਸ਼ਚਿਤ ਕਰੇ ।"

ਭਗਵਾਨ ਮਹਾਵੀਰ ਦੀ ਆਗਿਆ ਲੈ ਕੇ ਗਣਧਰ ਗੌਤਮ, ਮਹਾਸ਼ਤਕ ਕੋਲ ਪੁਜੇ। ਉਸਨੇ ਭਗਵਾਨ ਮਹਾਵੀਰ ਦਾ ਸੁਨੇਹਾ ਮਹਾਸ਼ਤਕ ਨੂੰ ਦਿਤਾ । ਮਹਾਸ਼ਤਕ ਨੇ ਭਗਵਾਨ ਮਹਾਵੀਰ ਦਾ ਹੁਕਮ ਸਿਰ ਮਥੇ ਤੇ ਚੜਾਉਂਦੇ ਆਪਣੇ ਰੇਵਤੀ ਪ੍ਰਤਿ ਕੀਤੇ ਵਿਵਹਾਰ ਦਾ ਪ੍ਰਾਸ਼ਚਿਤ ਕੀਤਾ । ਇਸ ਤਰ੍ਹਾਂ ਮਹਾਂਸ਼ਤਕ ਮਰ ਕੇ ਅੰਤ ਸਮੇਂ ਸੋਧਰਮ ਦੇਵਲੋਕ ਦੇ ਅਰੁਣਵਸਤਕ ਵਿਮਾਨ ਵਿਚ ਪੈਦਾ ਹੋਇਆ ।

## ਬਿਤਾਲੀਵਾਂ ਸਾਲ–

ਹੁਣ ਭਗਵਾਨ ਮਹਾਵੀਰ 71 ਸਾਲ ਦੇ ਕਰੀਬ ਹੋ ਚੁਕੇ ਸਨ । ਉਹ ਧਰਮ ਪ੍ਰਚਾਰ ਦਾ ਉਤਸ਼ਾਹ ਵੇਖਦੇ ਹੋਏ, ਕੁਝ ਮਹੀਨੇ ਰਾਜਗ੍ਰਹਿ ਵਿਖੇ ਹੀ ਰਹੇ । ਇਸ ਸਮੇਂ ਗਣਧਰ ਅਵਿੱਕਤ, ਮੰਡਿਕ ਪੁੱਤਰ, ਮੋਰਿਆ ਪੁੱਤਰ ਅਤੇ ਅੰਕਪਿਤ ਨੂੰ ਰਾਜਗ੍ਰਹਿ ਦੇ ਗੁਣਸ਼ੀਲ ਬਾਗ ਵਿਚ ਨਿਰਵਾਨ ਹਾਸਲ ਹੋਇਆ ।

ਇਸ ਚੌਮਾਸੇ ਵਿਚ ਗਨਧਰ ਇੰਦਰਭੂਤੀ ਨੇ ਭਗਵਾਨ ਮਹਾਵੀਰ ਪਾਸੋਂ ਅਨੇਕਾਂ ਪ੍ਰਸ਼ਨ ਪੁਛੇ, ਜਿਨ੍ਹਾਂ ਵਿਚ ਭਾਰਤ ਦੇਸ਼ ਦੇ ਭਵਿੱਖ ਦਾ ਪ੍ਰਸ਼ਨ ਵੀ ਇਕ ਸੀ । ਗਨਧਰ ਗੋਤਮ ਸਵਾਮੀ ਨੇ ਪੁਛਿਆ, " ਹੇ ਭਗਵਾਨ ! ਆਪ ਦਾ ਧਰਮ ਭਾਰਤ ਖੇਤਰ ਵਿਚ ਕਿੰਨਾ ਸਮਾਂ ਚਲੇਗਾ ? ਭਗਵਾਨ ਮਹਾਵੀਰ ਨੇ ਉਤਰ ਦਿਤਾ, " ਹੇ ਗੌਤਮ ! ਮੇਰਾ ਧਰਮ ਸੰਘ 21000 ਸਾਲ ਤੱਕ ਭਾਰਤ ਵਰਸ਼ ਵਿਚ ਫੁਲੇ ਫਲੇਗਾ, ਫੇਰ ਇੱਕ ਅਜਿਹਾ ਸਮਾਂ ਆਵੇਗਾ, ਜਦ ਕਿ ਚਾਰ ਵਿਅਕਤੀਆਂ ਦਾ ਹੀ ਸੰਘ ਰਹਿ ਜਾਵੇਗਾ । ਇਸ ਸੰਘ ਦਾ ਅਚਾਰੀਆ, ਦੁਸ਼ਪ੍ਰਸਹ, ਸਾਧਵੀ ਫਲਗੁਨੀ, ਨਾਗਲ ਸ਼੍ਰਾਵਕ, ਸਤਿਆ ਸ੍ਰੀ ਸ਼੍ਰਾਵਿਕਾ ਹੋਵੇਗੀ । ਇਸ ਸਮੇਂ ਵਿਮਲ ਵਾਹਨ ਨਾਂ ਦਾ ਰਾਜਾ ਹੋਵੇਗਾ । ਸੁਮੁਖ ਨਾਂ ਦਾ ਉਸ ਦਾ ਮੰਤਰੀ ਹੋਵੇਗਾ । ਇਸ ਯੁਗ ਵਿਚ ਸ਼ਰੀਰ ਦੋ ਹੱਥ ਦਾ ਹੋਵੇਗਾ । ਵੱਧ ਤੋਂ ਵੱਧ ਉਮਰ 20 ਸਾਲ ਦੀ ਹੋਵੇਗੀ । ਇਸ ਤੋਂ ਬਾਅਦ ਦਾ ਯੁੱਗ ਭੈੜੇ ਤੋਂ ਭੈੜੇ ਹੀ ਹੋਵੇਗਾ। ਧਰਮ ਨੀਤੀ, ਰਾਜਨੀਤੀ ਆਦਿ ਦਾ ਖਾਤਮਾ ਹੋਵੇਗਾ । ਇਸ ਪ੍ਰਕਾਰ ਅਵਸਪਰਨੀ ਕਾਲ ਦੇ

ਅੰਤ ਵਿਚ ਹਰ ਪ੍ਰਕਾਰ ਦੇ ਗਿਆਨ, ਵਿਦਿਆ, ਦਵਾਈ, ਮੰਤਰ, ਬਨਸਪਤੀ, ਅਤੇ ਫੁੱਲਾਂ ਦਾ ਖਾਤਮਾ ਹੋ ਜਾਵੇਗਾ ।

ਦੁਸ਼ਮਾਂ ਨਾਂ ਦੇ ਇਸ ਆਰੇ ਦੇ ਭਾਗ ਵਿਚ ਪਹਿਲੇ ਸਮੇਂ ਸਾਧੂ ਧਰਮ ਦੁਪਿਹਰ ਨੂੰ ਰਾਜਧਰਮ ਅਤੇ ਸ਼ਾਮ ਨੂੰ ਅੱਗ ਦਾ ਖਾਤਮਾ ਹੋ ਜਾਵੇਗਾ । ਮਨੁੱਖ, ਪਸ਼ੂਆਂ ਵਾਲੀਆਂ ਆਦਤਾਂ ਧਾਰਨ ਕਰ ਲੈਣਗੇ । ਇਹ ਸਥਿਤੀ ਦੁਸ਼ਮਾ ਕਾਲ ਤਕ ਚਲੇਗੀ । ਫਿਰ ਉਤਸਵਰਨੀ ਨਾਂ ਦਾ ਸ਼ੁਭ ਸਮਾਂ ਆਵੇਗਾ । ਚੌਥ ਯੁੱਗ ਵਿਚ 24 ਤੀਰਥੰਕਰ ਸਮਾਂ ਪਾ ਕੇ ਜਨਮ ਲੈਂਦੇ ਰਹਿਣਗੇ ਅਤੇ ਧਰਮ ਪ੍ਰਚਾਰ ਸ਼ੁਰੂ ਹੋਵੇਗਾ ।"

ਭਗਵਾਨ ਮਹਾਵੀਰ ਦੇ ਮੁਖਾਰਬਿੰਦ ਤੋਂ ਭਵਿੱਖ ਦਾ ਅਜਿਹਾ ਵਰਨਣ ਸੁਣ ਕੇ ਅਨੇਕਾਂ ਮੁਨੀਆਂ, ਗ੍ਰਹਿਸਥਾਂ, ਸਾਧਵੀਆਂ ਨੇ ਪੰਡਤ ਮਰਨ ਧਾਰਨ ਕਰ ਲਿਆ । ਭਗਵਾਨ ਮਹਾਵੀਰ ਨੇ ਆਪਣਾ ਅੰਤਮ ਚੌਮਾਸਾ ਪਾਵਾ ਵਿਖੇ ਰਾਜਾ ਹਸਤੀਪਾਲ ਦੀ ਚੁੰਗੀ ਵਿਚ ਗੁਜਾਰਿਆ।

ਗੋਤਮ ਸਵਾਮੀ ਦੀ ਭਗਵਾਨ ਮਹਾਵੀਰ ਪ੍ਰਤੀ ਬੇਹੱਦ ਪਿਆਰ ਅਤੇ ਸ਼ਰਧਾ ਸੀ। ਭਗਵਾਨ ਮਹਾਵੀਰ ਦੇਂ ਇਸ ਮੋਹ ਕਾਰਣ ਹੀ ਗੋਤਮ ਸਵਾਮੀ ਨੂੰ ਕੇਵਲ ਗਿਆਨ ਪ੍ਰਾਪਤ ਨਹੀਂ ਸੀ ਹੋ ਰਿਹਾ ।

ਭਗਵਾਨ ਮਹਾਵੀਰ ਵੀਤਰਾਗੀ ਸਨ । ਉਹ ਗੋਤਮ ਦੇ ਪਿਆਰ ਨੂੰ ਬੜਾ ਸਨਮਾਨ ਦਿੰਦੇ ਸਨ । ਉਨ੍ਹਾਂ ਗੋਤਮ ਸਵਾਮੀ ਨੂੰ ਕਈ ਵਾਰ ਰਾਗ ਦਵੇਸ਼ ਛੱਡਣ ਦੀ ਪ੍ਰੇਰਨਾ ਦਿਤੀ, ਤਾਂ ਕਿ ਉਸਨੂੰ ਕੇਵਲ ਗਿਆਨ ਪ੍ਰਾਪਤ ਹੋ ਸਕੇ । ਪਰ ਗੋਤਮ ਸਵਾਮੀ ਭਗਵਾਨ ਮਹਾਵੀਰ ਪ੍ਰਤੀ ਰਾਗ ਨੂੰ ਛੱਡ ਨਾ ਸਕੇ ।

ਹੁਣ ਭਗਵਾਨ ਮਹਾਵੀਰ ਦੇ ਨਿਰਵਾਨ ਦਾ ਸਮਾਂ ਨਜਦੀਕ ਸੀ । ਉਨ੍ਹਾਂ ਸੋਚਿਆ "ਗੌਤਮ ਕੋਮਲ ਮਨ ਦਾ ਹੈ । ਇਹ ਮੇਰਾ ਵਿਛੋੜਾ ਨਹੀਂ ਸਹਿ ਸਕੇਗਾ । ਮੇਰੇ ਕਾਰਣ ਹੀ ਇਸਨੂੰ ਕੇਵਲ ਗਿਆਨ ਪ੍ਰਾਪਤ ਨਹੀਂ ਹੋ ਰਿਹਾ । ਚੰਗਾ ਹੋਵੇ, ਕਿ ਨਿਰਵਾਨ ਸਮੇਂ ਇਸਨੂੰ ਦੇਵ ਸ਼ਰਮਾ ਬ੍ਰਾਹਮਣ ਨੂੰ ਉਪਦੇਸ਼ ਲਈ ਭੇਜ ਦੇਵਾਂ ।"

ਭਗਵਾਨ ਮਹਾਵੀਰ ਦੀ ਆਗਿਆ ਨਾਲ ਗੌਤਮ ਸਵਾਮੀ ਪਾਵਾ ਦੇ ਨਜਦੀਕੀ ਪਿੰਡ ਵਿਚ ਦੇਵ ਸ਼ਰਮਾ ਨੂੰ ਸਮਝਾਉਣ ਚਲੇ ਗਏ । ਭਗਵਾਨ ਮਹਾਵੀਰ ਦੇ ਚੌਮਾਸੇ ਦਾ ਚੌਥਾ ਮਹੀਨਾ ਸ਼ੁਰੂ ਸੀ । ਚੌਥਾ ਮਹੀਨਾ ਵੀ ਅੱਧਾ ਬੀਤ ਗਿਆ ।

ਹੁਣ ਕੱਤਕ ਦੀ ਅਮਾਵਸ ਦੀ ਸਵੇਰ ਆ ਚੁਕੀ ਸੀ । ਇਹ ਧਰਮ ਸੱਭਾ ਭਗਵਾਨ ਮਹਾਵੀਰ ਦੀ ਅੰਤਮ ਧਰਮ ਸਭਾ ਸੀ । ਇਸ ਸਮੇਂ ਮਲ, ਕਾਸ਼ੀ ਅਤੇ ਕੋਸ਼ਲ ਗਣਰਾਜਾਂ ਦੇ 18 ਰਾਜੇ ਭਗਵਾਨ ਮਹਾਵੀਰ ਪਾਸ ਧਰਮ ਉਪਦੇਸ਼ ਸੁਣ ਰਹੇ ਸਨ ਅਤੇ ਪੋਸ਼ਧ ਕਰ ਰਹੇ ਸਨ । ਭਗਵਾਨ ਮਹਾਵੀਰ ਨੇ ਆਪਣਾ ਅੰਤ ਸਮਾਂ ਜਾਣ ਕੇ ਆਪਣਾ ਭਾਸ਼ਨ ਲਗਾਤਾਰ ਜਾਰੀ ਰਖਿਆ। ਇਸ ਤੋਂ ਭਾਸ਼ਨ ਅੱਜ ਵੀ ਸ਼੍ਰੀ ਉਤਰਾਧਿਐਨ ਸੂਤਰ ਵਿਚ ਸੁਰਖਿਅਤ ਹੈ

ਇਸ ਪ੍ਰਕਾਰ ਕੱਤਕ ਦੀ ਅਮਾਵਸ ਦੀ ਅੱਧੀ ਰਾਤ ਨੂੰ ਭਗਵਾਨ ਮਹਾਵੀਰ ਨੇ ਨਿਰਵਾਨ ਹਾਸਲ ਕੀਤਾ । ਸ਼੍ਰੀ ਉਤਰਾਧਿਐਨ ਸੂਤਰ ਦੇ 37 ਅਧਿਐਨ ਦੀ ਵਿਆਖਿਆ ਕਰਦੇ ਹੀ ਉਨ੍ਹਾਂ ਨਿਰਵਾਨ ਹਾਸਲ ਕਰ ਲਿਆ । ਕੱਤਕ ਦੀ ਅਮਾਵਸ ਬਹੁਤ ਹਨੇਰੀ ਸੀ।

ਇਸ ਹਨੇਰੀ ਰਾਤ ਨੂੰ ਦੇਵਤਿਆਂ ਅਤੇ ਮਨੁੱਖ ਨੇ ਰਤਨਾਂ ਤੇ ਦੀਪਾਂ ਨਾਲ ਪ੍ਰਕਾਸ਼ਵਾਨ ਕੀਤਾ। ਇਹ ਪ੍ਰਕਾਸ਼ ਦਾ ਪਰਵ ਅੱਜ ਦੀਵਾਲੀ ਦੇ ਨਾਂ ਨਾਲ ਪ੍ਰਚਲਿਤ ਹੈ। ਅਚਾਰਿਆ ਭੱਦਰਵਾਹ ਨੂੰ ਆਪਣੇ ਕੱਲਪ ਸੂਤਰ ਵਿੱਚ ਆਖਿਆ ਹੈ ਕਿ ਦੇਵਤਿਆਂ ਨੇ ਹਨੇਰੀ ਰਾਤ ਵਿਚ ਰਤਣਾਂ ਰਾਹੀਂ ਪ੍ਰਕਾਸ ਕੀਤਾ। ਮਨੁੱਖਾਂ ਨੇ ਸੋਚਿਆ ਕਿ ਗਿਆਨ ਪ੍ਰਕਾਸ਼ ਚਲਾ ਗਿਆ ਹੈ। ਹੁਣ ਅਸੀਂ ਦਰਵ ਪ੍ਰਕਾਸ਼ ਰਾਹੀਂ ਇਸ ਗਿਆਨ ਪ੍ਰਕਾਸ਼ ਭਗਵਾਨ ਮਹਾਵੀਰ ਦੀ ਯਾਦ ਨੂੰ ਕਾਇਮ ਰਖਾਂਗੇ। ਦੀਵਾਲੀ ਸੰਬੰਧੀ ਇਹ ਸਭ ਤੋਂ ਪ੍ਰਾਚੀਨ ਸਬੂਤ ਹੈ। ਜੋ ਅੱਜ ਤੋਂ 2000 ਹਜ਼ਾਰ ਸਾਲ ਪਹਿਲਾ ਕਲਪ ਸੂਤਰ ਵਿੱਚ ਮਿਲਦਾ ਹੈ।

ਜਦ ਗੌਤਮ ਸਵਾਮੀ ਨੂੰ ਭਗਵਾਨ ਮਹਾਵੀਰ ਦੇ ਨਿਰਵਾਨ ਦਾ ਸਮਾਚਾਰ ਪਤਾ ਲਗਾ ਉਹ ਬਹੁਤ ਦੁਖੀ ਹੋਏ। ਉਹ ਬਚਿਆਂ ਦੀ ਤਰ੍ਹਾਂ ਰੋ ਕੇ ਕਹਿਣ ਲਗੇ " ਪ੍ਰਭੂ ਮੈਨੂੰ ਇੰਨਾ ਬੇਗਾਨਾ ਕਿਉ ਸਮਝਿਆ ? ਮੈਂ ਤਾਂ ਤੁਹਾਡਾ ਸੇਵਕ ਸੀ। ਮੈ ਤੁਹਾਡੇ ਮੁਕਤੀ ਧਨ ਵਿਚੋਂ ਕੋਈ ਹਿੱਸਾ ਥੋੜਾ ਮੰਗਦਾ ਸੀ, ਹੁਣ ਮੈਨੂੰ ਗੌਤਮ ਗੌਤਮ ਕੌਣ ਕਹੇਗਾ ? ਕਿਸ ਤੋਂ ਆਪਣੇ ਪ੍ਰਸ਼ਨਾਂ ਦਾ ਉੱਤਰ ਲਵਾਂਗਾ ?"

ਅਚਾਨਕ ਗੌਤਮ ਸਵਾਮੀ ਦੀ ਸੋਚ ਨੇ ਦੂਸਰਾ ਮੋੜ ਖਾਧਾ। ਉਹ ਸੋਚਣ ਲਗੇ "ਮੈਂ ਮੂਰਖ ਹਾਂ। ਭਗਵਾਨ ਮਹਾਵੀਰ ਤਾਂ ਵੀਤਰਾਗੀ ਸਨ। ਉਨ੍ਹਾਂ ਨੂੰ ਸੰਸਾਰ ਨਾਲ ਕੀ ਮਤਲਬ ਸੀ। ਮੇਰਾ ਰਾਗ ਬੇਅਰਥ ਸੀ। ਭਗਵਾਨ ਮਹਾਵੀਰ ਦੀ ਆਤਮਾ ਨੇ ਕਰਮਾਂ ਦਾ ਖਾਤਮਾ ਕਰ ਦਿੱਤਾ ਹੈ। ਹੁਣ ਉਹ ਪ੍ਰਮਾਤਮਾ ਹਨ। ਉਨ੍ਹਾਂ ਦਾ ਗਿਆਨ ਸਾਡੇ ਵਿਚਕਾਰ ਹੈ।" ਇਉ ਸੋਚਦੇ ਗੌਤਮ ਸਵਾਮੀ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ। ਇਸ ਪ੍ਰਕਾਰ ਦੀਵਾਲੀ ਵਾਲੇ ਦਿਨ ਗੌਤਮ ਸਵਾਮੀ ਦਾ ਕੇਵਲ ਗਿਆਨ ਅਤੇ ਭਗਵਾਨ ਮਹਾਵੀਰ ਦਾ ਨਿਰਵਾਨ ਹੋਇਆ। ਦੇਵਤਿਆਂ ਨੇ ਭਗਵਾਨ ਮਹਾਵੀਰ ਦਾ ਸੰਸਕਾਰ ਆਪਣੀ ਦੇਵ ਪ੍ਰੰਪਰਾ ਅਨੁਸਾਰ ਕੀਤਾ। ਜਿਸ ਸਮੇਂ ਭਗਵਾਨ ਮਹਾਵੀਰ ਦਾ ਨਿਰਵਾਣ ਹੋਣ ਲਗਾ ਤਾਂ ਦੇਵਤਿਆਂ ਦੇ ਰਾਜੇ ਸ਼ਕੇਂਦਰ ਨੇ ਭਗਵਾਨ ਮਹਾਵੀਰ ਪਾਸ ਪ੍ਰਾਰਥਨਾ ਕੀਤੀ, " ਹੇ ਪ੍ਰਭੂ ! ਤੁਸੀਂ ਤਾਂ ਜਾਣਦੇ ਹੋ ਕਿ ਤੁਹਾਡਾ ਗਰਭ ਵਿਚ ਆਉਣ, ਜਨਮ, ਦੀਖਿਆ ਅਤੇ ਕੇਵਲ ਗਿਆਨ ਹਸਤੋਤਰਾ ਨੱਛਤਰ ਵਿਚ ਹੋਏ ਸਨ। ਇਸ ਸਮੇਂ ਆਪ ਦੀ ਕੁੰਡਲੀ ਵਿਚ ਭਸਮਕ ਨਾਂ ਦਾ ਭੈੜਾ ਗ੍ਰਹਿ ਬੈਠਾ ਹੈ, ਜਿਸ ਦੇ ਸਿਟੇ ਵਜੋਂ 2000 ਸਾਲ ਤੱਕ ਤੁਹਾਡੇ ਧਰਮ ਸੰਘ ਦੀ ਹਾਨੀ ਹੋਵੇਗੀ। ਸਾਧੂ ਸਾਧਵੀਆਂ ਦਾ ਮਾਨ ਸਤਿਕਾਰ ਘਟੇਗਾ। ਜੇ ਤੁਸੀਂ ਕੁਝ ਪਲ ਲਈ ਆਪਣੇ ਸਵਾਸ ਵਧਾ ਲਵੋ ਤਾਂ ਇਹ ਮਹਾਨ ਸੰਕਟ ਟਲ ਜਾਵੇਗਾ।"

ਭਗਵਾਨ ਮਹਾਵੀਰ ਨੇ ਸ਼ਕੇਂਦਰ ਦੇ ਪ੍ਰਸ਼ਨ ਦਾ ਉਤਰ ਦਿੰਦੇ ਹੋਏ ਕਿਹਾ " ਭਾਵੇਂ ਕੇਵਲ ਗਿਆਨੀ ਅੱਠ ਕਰਮਾਂ ਦਾ ਨਾਸ਼ ਕਰ ਸਕਦਾ ਹੈ, ਪਰ ਉਹ ਆਪਣੀ ਮਰਜੀ ਨਾਲ ਇਹ ਸਾਹ ਵਧਾ ਜਾਂ ਘਟਾ ਨਹੀਂ ਸਕਦਾ। ਕਿਉਕਿ ਸਾਹ ਵੀ ਉਨੇ ਆਉਂਦੇ ਹਨ ਜਿਨੇ ਕਰਮਾਂ ਅਨੁਸਾਰ ਆਉਣੇ ਹਨ। ਇਸ ਤਰ੍ਹਾਂ ਜੋ ਕਸ਼ਟ ਇਸ ਗ੍ਰਹਿ ਦੇ ਸਿਟੇ ਵਜੋਂ ਆਉਣਾ ਹੈ ਆਵੇਗਾ ਹੀ।"

# ਨਿਰਵਾਨ ਮਹੋਤਸਵ

ਜਦ ਦੇਵਤਿਆਂ ਨੂੰ ਭਗਵਾਨ ਮਹਾਵੀਰ ਦੇ ਨਿਰਵਾਨ ਦਾ ਪਤਾ ਲਗਾ ਤਾਂ ਸਾਰੇ ਦੇਵੀ, ਦੇਵਤਿਆਂ ਨੇ ਜਮੀਨ ਉਪਰ ਆਉਣਾ ਸ਼ੁਰੂ ਕਰ ਦਿਤਾ ।

ਸ਼ੁਕਰ ਦੇਵਤੇ ਦੇ ਹੁਕਮ ਅਨੁਸਾਰ ਗੋਸ਼ੀਰਸ਼ ਚੰਦਨ ਇਕਠਾ ਕੀਤਾ ਗਿਆ । ਖੀਰੋਉਦਕ ਨਾਲ ਭਗਵਾਨ ਦੇ ਸਰੀਰ ਨੂੰ ਇਸ਼ਨਾਨ ਕਰਵਾਇਆ ਗਿਆ । ਦੇਵਤਿਆਂ ਨੇ ਭਗਵਾਨ ਦੇ ਸਰੀਰ ਤੇ ਗੋਸ਼ੀਰਸ਼ ਚੰਦਨ ਦਾ ਲੇਪ ਕੀਤਾ । ਇਕ ਹਲਕੇ, ਪਰ ਕੀਮਤੀ ਵਸਤਰ ਨਾਲ ਭਗਵਾਨ ਮਹਾਵੀਰ ਦੇ ਸਰੀਰ ਨੂੰ ਢਕਿਆ । ਫੇਰ ਦੇਵਤਿਆਂ ਨੇ ਫੁਲਾਂ ਦੀ ਵਰਖਾ ਕੀਤੀ ।

ਇੰਦਰ ਨੇ ਪਾਲਕੀ ਆਪਣੇ ਮੋਢੇ ਉਪਰ ਚੁਕੀਆਂ । ਪਾਲਕੀ ਦਾ ਜਲੂਸ ਘੁਮਦਾ ਹੋਇਆ ਸੰਸਕਾਰ ਵਾਲੇ ਥਾਂ ਤੇ ਪੁਜਾ । ਉਥੇ ਅਗਨੀ ਕੁਮਾਰ ਦੇਵਤਿਆਂ ਨੇ ਅੱਗ ਚਾਲੂ ਕੀਤੀ । ਵਾਯੂਕੁਮਾਰ ਦੇਵਤਿਆਂ ਨੇ ਹਵਾ ਚਲਾ ਕੇ ਉਸ ਅੱਗ ਨੂੰ ਤੇਜ਼ ਕੀਤਾ । ਹੋਰ ਦੇਵਤਿਆਂ ਨੇ ਭਗਵਾਨ ਮਹਾਵੀਰ ਦੀ ਚਿਤਾ ਵਿਚ ਘੀ ਆਦਿ ਕਈ ਖੁਸ਼ਬੂਦਾਰ ਪਦਾਰਥ ਸੁਟੇ । ਫੇਰ ਮੇਘ ਕੁਮਾਰ ਦੇਵਤਿਆਂ ਨੇ ਹਲਕੀ ਵਰਖਾ ਕਰਕੇ ਚਿਤਾ ਨੂੰ ਠੰਡਾ ਕੀਤਾ ।

ਮਨੁੱਖਾਂ ਨੇ ਭਸਮ ਗ੍ਰਹਿਣ ਕਰਕੇ ਸੰਤੋਸ਼ ਅਨੁਭਵ ਕੀਤਾ । ਭਗਵਾਨ ਮਹਾਵੀਰ ਦੇ ਅਗਨੀ ਸੰਸਕਾਰ ਵਾਲੀ ਥਾਂ ਤੇ ਇਕ ਕਾਫੀ ਡੂੰਘਾ ਟੋਆ ਪੈ ਗਿਆ ਸੀ । ਕਿਉਕਿ ਲੋਕ ਉਸ ਥਾਂ ਦੀ ਮਿੱਟੀ ਨੂੰ ਪਵਿੱਤਰ ਸਮਝ ਕੇ ਘਰ ਲਿਜਾ ਰਹੇ ਸਨ ।ਦੇਵਤਿਆਂ ਨੇ ਇਸ ਟੋਏ ਵਿਚ ਪਾਣੀ ਭਰ ਦਿੱਤਾ । ਭਗਵਾਨ ਮਹਾਵੀਰ ਦੇ ਵਡੇ ਭਰਾ ਮਹਾਰਾਜਾ ਨੰਦੀਵਰਧਨ ਨੇ ਇਸ ਤਲਾਅ ਦੇ ਵਿਚਕਾਰ ਇਕ ਸੁੰਦਰ ਜਲ ਮੰਦਰ ਦਾ ਨਿਰਮਾਣ ਕੀਤਾ, ਜੋ ਹੁਣ ਤੱਕ ਪਾਵਾ ਨਗਰੀ ਵਿਚ ਜਲ ਮੰਦਰ ਦੇ ਨਾਂ ਨਾਲ ਮਸ਼ਹੂਰ ਹੈ ।

ਨੰਦੀ ਵਰਧਨ ਰਾਜਾ ਆਪਣੇ ਛੋਟੇ ਭਰਾ ਭਾਗਵਾਨ ਵਰਧਮਾਨ ਮਹਾਵੀਰ ਦੇ ਨਿਰਵਾਨ ਤੋਂ ਬਹੁਤ ਦੁਖੀ ਸਨ । ਉਸ ਦਾ ਦੁੱਖ ਉਸ ਦੀ ਵੱਡੀ ਭੈਣ ਸੁਦਰਸ਼ਨਾ ਤੋਂ ਨਾ ਵੇਖਿਆ ਗਿਆ ।

ਸੁਦਰਸ਼ਨਾ ਨੇ ਭਗਵਾਨ ਮਹਾਵੀਰ ਦੇ ਨਿਰਵਾਨ ਦੇ ਦੋ ਦਿਨ ਬਾਅਦ ਆਪਣੇ ਭਰਾ ਨੰਦੀਵਰਧਨ ਨੂੰ ਆਪਣੇ ਘਰ ਬੁਲਾਇਆ । ਸੰਸਾਰ ਦੀ ਅਸਾਰਤਾ ਸਮਝਾ ਕੇ ਖਾਣਾ ਖਿਲਾਇਆ ਅਤੇ ਭੈਣ ਨੇ ਭਰਾ ਨੂੰ ਸਨਮਾਨ ਵਜੋਂ ਟਿੱਕਾ ਦਿੱਤਾ । ਇਸ ਟਿਕੇ ਵਾਲੇ ਦਿਨ ਨੂੰ ਟਿਕਾ ਭਾਈ ਦੂਜ ਆਖਦੇ ਹਨ ।

# ਧਰਮ

(1) ਧਰਮ ਸ਼੍ਰੇਸ਼ਟ ਮੰਗਲ ਹੈ । ਅਹਿੰਸਾ ਸੰਜਮ ਤੇ ਤਪ ਧਰਮ ਦੇ ਰੂਪ ਹਨ । ਜੋ ਇਸ ਪ੍ਰਕਾਰ ਦੇ ਧਰਮ ਦਾ ਪਾਲਣ ਕਰਦਾ ਹੈ । ਉਸਨੂੰ ਦੇਵਤੇ ਵੀ ਨਮਸਕਾਰ ਕਰਦੇ ਹਨ ।- **ਦਸ਼ਵੈਕਾਲਿਕ**

(2) ਧਰਮ ਹੀ ਇੱਕ ਅਜਿਹਾ ਪਵਿੱਤਰ ਕੰਮ ਹੈ ਜਿਸ ਰਾਹੀਂ ਆਤਮਾ ਦੀ ਸ਼ੁਧੀ ਹੁੰਦੀ ਹੈ ।- **ਅਚਾਰਾਂਗ**

(3) ਹਮੇਸ਼ਾਂ ਸੰਸਾਰਿਕ ਕਾਮਭੋਗਾਂ ਵਿਚ ਫਸਿਆ ਮੂਰਖ ਧਰਮ ਦੇ ਤੱਤ ਨੂੰ ਪਛਾਣ ਨਹੀਂ ਸਕਦਾ ।

(4) ਹੇ ਰਾਜਨ ! ਇਕ ਧਰਮ ਹੀ ਰਖਿਆ ਕਰਨ ਵਾਲਾ ਹੈ । ਉਸ ਧਰਮ ਤੋਂ ਬਿਨਾਂ ਕੋਈ ਰਖਿਅਕ ਨਹੀਂ । – **ਉਤਰਾ** :

(5) ਆਂਰੀਆ (ਸ਼੍ਰੇਸ਼ਟ) ਪੁਰਸ਼ਾਂ ਨੇ ਜੀਵਨ ਦੀ ਇਕ ਸੁਰਤਾ (ਸਮਤਾ) ਵਿਚ ਹੀ ਧਰਮ ਆਖਿਆ ਹੈ । – **ਅਚਾਰਾਂਗ**

(6) ਧਰਮ ਦੇ ਦੋ ਰੂਪ ਹਨ (੧) ਸ਼ਰੁਤ ਧਰਮ (ਤੀਰਥੰਕਰਾਂ ਦਾ ਸ਼ਾਸਤਰ ਉਪਦੇਸ਼). (੨) ਚਾਰਿਤਰ ਧਰਮ (ਸਾਧੂ ਤੇ ਉਪਾਸਕ ਦਾ ਧਰਮ)

(7) ਧਰਮ ਦੀਵੇ ਦੀ ਤਰ੍ਹਾਂ ਅਗਿਆਨਤਾ ਰੂਪੀ ਹਨੇਰੇ ਦਾ ਨਾਸ਼ ਕਰਦਾ ਹੈ ।

**ਸੂਤ੍ਰਕ੍ਰਿਤਾਂਗ**

(8) ਬੁਧੀਮਾਨ ਪੁਰਸ਼ ਨੂੰ ਧਰਮ ਦਾ ਗਿਆਨ ਕਰਨਾ ਚਾਹੀਦਾ ਹੈ । **ਅਚਾਰਾਂਗ**

(9) ਸਰਲ ਆਤਮਾ ਹੀ ਸ਼ੁਧ ਹੁੰਦੀ ਹੈ ਅਤੇ ਸ਼ੁਧ ਆਤਮਾ ਅੰਦਰ ਧਰਮ ਨਿਵਾਸ ਕਰਦਾ ਹੈ ।- **ਉਤਰਾਧਿਐਨ**

(10) ਧਰਮ ਦਾ ਮੂਲ (ਕੇਂਦਰ) ਵਿਨੈ ਹੈ ਅਤੇ ਧਰਮ ਦਾ ਫਲ ਮੋਕਸ਼ (ਮੁਕਤੀ) ਹੈ ।

**– ਦਸ਼ਵੈਕਾਲਿਕ**

# ਅਹਿੰਸਾ

(1) ਜਿਵੇਂ ਮੈਨੂੰ ਦੁੱਖ ਚੰਗਾ ਨਹੀਂ ਲੱਗਦਾ, ਉਸੇ ਪ੍ਰਕਾਰ ਸਾਰੇ ਜੀਵਾਂ ਨੂੰ ਦੁੱਖ ਚੰਗਾ ਨਹੀਂ ਲਗਦਾ । ਇਹ ਸਮਝ ਕੇ ਜੋ ਨਾ ਆਪ ਹਿੰਸਾ ਕਰਦਾ ਹੈ ਅਤੇ ਨਾ ਦੂਸਰੇ ਤੋਂ ਕਰਵਾਉਂਦਾ ਹੈ ਅਤੇ ਨਾ ਹੀ ਹਿੰਸਾ ਨੂੰ ਚੰਗਾ ਸਮਝਦਾ ਹੈ । ਉਹ ਹੀ ਭਿਕਸ਼ੂ ਜਾਂ ਸ਼੍ਰਮਣ ਹੈ ।

(2) ਕਿਸੇ ਪ੍ਰਾਣੀ ਦੀ ਹਿੰਸਾ ਨਾ ਕਰਨਾ ਹੀ ਗਿਆਨੀਆਂ ਦੇ ਗਿਆਨ ਦਾ ਸਾਰ ਹੈ ।

**– ਸੁਤਰਕ੍ਰਿਤਾਂਗ**

(3) ਦੁਸ਼ਮਨ ਅਤੇ ਮਿੱਤਰ ਦੋਹਾਂ ਪ੍ਰਤਿ ਇਕੋ ਜਿਹਾ ਦ੍ਰਿਸ਼ਟੀਕੋਣ ਅਹਿੰਸਾ ਹੈ ।

**– ਉਤਰਾਧਿਐਨ**

(4) ਵੈਰ ਰੱਖਣ ਵਾਲਾ ਮਨੁੱਖ ਸਦਾ ਵੈਰ ਹੀ ਕਰਦਾ ਹੈ । ਉਹ ਵੈਰ ਵਿੱਚ ਹੀ ਆਨੰਦ ਮਾਣਦਾ ਹੈ । ਹਿੰਸਕ ਕਰਮ ਪਾਪਾਂ ਨੂੰ ਜਨਮ ਦੇਣ ਵਾਲੇ ਹਨ । ਅਤੇ ਸਮੇਂ ਪਾ ਕੇ ਇਹ ਦੁੱਖ ਦਾ ਕਾਰਣ ਬਣਦੇ ਹਨ । - **ਸੂਤਰਕ੍ਰਿਤਾਂਗ**

(5) ਸਾਰੇ ਜੀਣਾ ਚਾਹੁੰਦੇ ਹਨ, ਮਰਨਾ ਕੋਈ ਨਹੀਂ ਚਾਹੁੰਦਾ । – **ਦਸ਼ਵੈਕਾਲਿਕ**

(6) ਅਹਿੰਸਾ ਤਰਸ (ਹਿਲਣ-ਚਲਣ ਵਾਲੇ) ਸਥਾਵਰ (ਸਥਿਰ) ਦੋਹਾਂ ਪ੍ਰਕਾਰ ਦੇ ਜੀਵਾਂ ਦਾ ਭਲਾ ਅਤੇ ਮੰਗਲ ਕਰਨ ਵਾਲੀ ਹੈ । – **ਪ੍ਰਸ਼ਨ** :

(7) ਡਰੇ ਜੀਵਾਂ ਲਈ, ਜਿਵੇਂ ਕੋਈ ਛੋਟਾ ਜਿਹਾ ਆਸਰਾ ਹੀ ਉੱਤਮ ਹੁੰਦਾ ਹੈ ਉਸੇ ਪ੍ਰਕਾਰ ਸਾਰੇ ਜੀਵਾਂ ਲਈ ਅਹਿੰਸਾ ਉੱਤਮ ਹੈ । - **ਪ੍ਰਸ਼ਨ ਵਿਆਕਰਣ**

(8) ਸਾਰੇ ਜੀਵਾਂ ਪ੍ਰਤੀ ਦੋਸਤੀ ਦੀ ਭਾਵਨਾ ਰਖੋ । - **ਉਤਰਾਧਿਐਨ**

(9) ਜੀਵ ਹਿੰਸਾ ਆਪਣੀ ਹਿੰਸਾ ਹੈ । ਜੀਵਾਂ ਪ੍ਰਤੀ ਦਿਆ ਆਪਣੇ ਪ੍ਰਤੀ ਦਿਆ ਹੈ । ਇਸ ਦ੍ਰਿਸ਼ਟੀ ਨੂੰ ਲੈ ਕੇ ਸਚਾ ਸਾਧੂ ਹਮੇਸ਼ਾਂ ਹਿੰਸਾ ਦਾ ਤਿਆਗ ਕਰਦਾ ਹੈ ।

– **ਭਗਵਤੀ**

(10) ਸੰਸਾਰ ਵਿਚ ਜੋ ਕੁਝ ਸੁਖ, ਵਡਿਆਈ, ਸਹਿਜ, ਸੁੰਦਰਤਾ, ਅਰੋਗਤਾ ਅਤੇ ਸੁਭਾਗ ਵਿਖਾਈ ਦਿੰਦੇ ਹਨ ਸਭ ਅਹਿੰਸਾ ਦਾ ਫਲ ਹਨ । - ਭਗਵਤੀ

(11) ਸੰਸਾਰ ਵਿਚ ਜਿਵੇਂ ਸਮੇਰੂ ਤੋਂ ਉਚੀ ਅਤੇ ਅਕਾਸ਼ ਤੋਂ ਵਿਸ਼ਾਲ ਕੋਈ ਦੂਸਰੀ ਚੀਜ਼ ਨਹੀਂ ਉਸ ਪ੍ਰਕਾਰ ਇਹ ਗੱਲ ਵਿਸ਼ਵਾਸ਼ ਕਰਨ ਵਾਲੀ ਹੈ ਕਿ ਅਹਿੰਸਾ ਤੋਂ ਬੜਾ ਕੋਈ ਧਰਮ ਨਹੀਂ । – **ਭਗਵਤੀ**

(12) ਜੀਵ ਹਿੰਸਾ ਹੀ ਪਾਪ ਕਰਮ ਦੇ ਬੰਧਨ ਕਾਰਣ ਹੈ । ਇਹ ਹਿੰਸਾ ਹੀ ਮੌਤ ਅਤੇ ਨਰਕ ਹੈ । - **ਅਚਾਰਾਂਗ**

# ਸੱਚ

(1) ਮਨੁੱਖ ! ਸਚ ਨੂੰ ਪਛਾਣ । ਜੋ ਵਿਦਵਾਨ ਸੱਚ ਨੂੰ ਪਛਾਣ ਕੇ, ਸਚ ਦੇ ਮਾਰਗ ਤੇ ਚਲਦਾ ਹੈ ਉਹ ਮੌਤ ਤੋਂ ਪਾਰ ਹੋ ਜਾਂਦਾ ਹੈ । – **ਅਚਾਰਾਂਗ**

(2) ਸੱਚ ਹੀ ਭਗਵਾਨ ਹੈ । - **ਪ੍ਰਸ਼ਨ ਵਿਆਕਰਣ**

(3) ਸਦਾ ਹਿਤਕਾਰੀ ਵਾਕ ਬੋਲਣਾ ਚਾਹੀਦਾ ਹੈ । – **ਉਤਰਾਧਿਐਨ**

(4) ਇਸ ਲੋਕ ਵਿਚ ਸੱਚ ਹੀ ਸਾਰ ਤਤਵ ਹੈ । ਇਹ ਮਹਾਂ (ਵਿਸ਼ਾਲ) ਸਮੁੰਦਰ ਤੋਂ ਵੀ ਗੰਭੀਰ ਹੈ । - **ਪ੍ਰਸ਼ਨ ਵਿਆਕਰਨ**

(5) ਆਪਣੇ ਸਵਾਰਥ ਦੇ ਲਈ ਜਾਂ ਦੂਸਰੇ ਦੇ ਲਈ, ਕਰੋਧ ਅਤੇ ਭੈ ਨਾਲ ਕਿਸੇ ਮੌਕੇ ਤੇ ਵੀ ਦੂਸਰੇ ਨੂੰ ਕਸ਼ਟ ਦੇਣ ਵਾਲਾ ਝੂਠ ਨਾ ਬੋਲੇ, ਨਾ ਦੂਸਰੇ ਤੋਂ ਬੁਲਵਾਏ ।

– **ਦਸ਼ਵੈਕਾਲਿਕ**

(6) ਮਨੁੱਖ ਲੋਭ ਤੋਂ ਪ੍ਰੇਰਤ ਹੋ ਕੇ ਝੂਠ ਬੋਲਦਾ ਹੈ । - **ਪ੍ਰਸ਼ਨ ਵਿਆਕਰਨ**

(7) ਆਪਣੀ ਆਤਮਾ ਰਾਹੀਂ ਸੱਚ ਦੀ ਖੋਜ ਕਰੋ । - **ਉਤਰਾਧਿਐਨ**

(8) ਲੋਹੇ ਦੇ ਟੁਕੜੇ (ਤੀਰ) ਤਾਂ ਥੋੜੀ ਦੇਰ ਲਈ ਦੁੱਖ ਦਿੰਦੇ ਹਨ । ਇਹ ਟੁਕੜੇ ਅਸਾਨੀ ਨਾਲ ਸਰੀਰ ਵਿਚੋਂ ਕਢੇ ਜਾ ਸਕਦੇ ਹਨ, ਪਰ ਸ਼ਬਦਾਂ ਨਾਲ ਆਖੇ ਤਿਖੇ ਬਚਨਾਂ ਦੇ ਤੀਰ ਵੈਰ ਵਿਰੋਧ ਦੀ ਪ੍ਰੰਪਰਾ ਨੂੰ ਵਧਾ ਕੇ ਕਰੋਧ ਉਤਪੰਨ ਕਰਦੇ ਹਨ ਅਤੇ ਜੀਵਨ ਭਰ ਇਨ੍ਹਾਂ ਕੌੜੇ ਬਚਨਾਂ ਦਾ ਜੀਵਨ ਵਿਚੋਂ ਨਿਕਲਣਾ ਕਠਿਨ ਹੈ ।

# ਅਸਤੇ (ਚੋਰੀ ਨਾ ਕਰਨਾ)

(1) ਅਸਤੇ ਵਰਤ ਵਿਚ ਵਿਸ਼ਵਾਸ਼ ਰੱਖਣ ਵਾਲਾ ਮਨੁੱਖ ਬਿਨਾ ਇਜ਼ਾਜ਼ਤ ਤੋਂ ਢੰਦ ਕੁਰੇਦਨ ਵਾਲਾ ਤਿਨਕਾ ਵੀ ਨਹੀਂ ਲੈਂਦਾ । - **ਪ੍ਰਸ਼ਨ ਵਿਆਕਰਨ**

(2) ਕਿਸੇ ਦੀ ਵਸਤੂ ਇਜਾਜ਼ਤ ਨਾਲ ਹੀ ਗ੍ਰਹਿਣ ਕਰਨੀ ਚਾਹੀਦੀ ਹੈ ।

**– ਪ੍ਰਸ਼ਨ ਵਿਆਕਰਨ**

(3) ਜਿਹੜਾ ਪ੍ਰਾਪਤ ਪਦਾਰਥਾਂ ਨੂੰ ਵੰਡ ਕੇ ਨਹੀਂ ਖਾਂਦਾ ਉਹ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ । - **ਦਸ਼ਵੈਕਾਲਿਕ**

# ਬ੍ਰਹਮਚਰਜ

(1) ਜੋ ਮਨੁੱਖ ਔਖੇ ਬ੍ਰਹਮਚਰਜ ਦਾ ਪਾਲਣ ਕਰਦਾ ਹੈ ਉਸ ਬ੍ਰਹਮਚਾਰੀ ਨੂੰ ਦੇਵਤੇ, ਦਾਨਵ, ਗੰਧਰਵ, ਜੱਖ, ਰਾਖਸ਼ ਅਤੇ ਕਿੰਨਰ ਵੀ ਨਮਸਕਾਰ ਕਰਦੇ ਹਨ ।

**– ਉਤਰਾਧਿਐਨ**

(2) ਸਾਰੀ ਤਪਸਿਆਵਾਂ ਵਿਚੋਂ ਬ੍ਰਹਮਚਰਜ ਮਹਾਨ ਤਪ ਹੈ । - **ਸਤਰਕ੍ਰਿਤਾਂਗ**

(3) ਬ੍ਰਹਮਚਰਜ, ਉੱਤਮ, ਤਪ, ਨਿਯਮ, ਗਿਆਨ, ਦਰਸ਼ਨ, ਚਾਰਿਤਰ, ਸਮਿਅਕਤਵ ਅਤੇ ਵਿਨੈ ਆਦਿ ਗੁਣਾਂ ਦਾ ਮੂਲ (ਕੇਂਦਰ) ਹੈ । - **ਪ੍ਰਸ਼ਨ ਵਿਆਕਰਨ**

(4) ਇਕ ਬ੍ਰਹਮਚਰਜ ਦੀ ਸਾਧਨਾ ਕਰਨ ਵਾਲੇ ਨੂੰ ਅਨੇਕਾਂ ਗੁਣ ਆਪਣੇ ਆਪ ਪ੍ਰਾਪਤ ਹੋ ਜਾਂਦੇ ਹਨ । - **ਉਤਰਾਧਿਐਨ**

(5) ਔਖੇ ਬ੍ਰਹਮਚਰਜ ਵਰਤ ਨੂੰ ਧਾਰਨ ਕਰਨਾ ਬਹੁਤ ਕਠਿਨ ਹੈ । **– ਦਸ਼ਵੈਕਾਲਿਕ**

(6) ਧੀਰ ਪੁਰਸ਼ ! ਭੋਗਾਂ ਦੀ ਆਸ ਛੱਡ । ਤੂੰ ਇਸ ਭੋਗ ਰੂਪੀ ਕੰਡੇ ਤੋਂ ਕਿਉ ਦੁਖੀ ਹੁੰਦਾ ਹੈ ? **– ਅਚਾਰਾਂਗ**

(7) ਦੇਵਤਿਆਂ ਸਮੇਤ ਸਾਰੇ ਸੰਸਾਰ ਦੇ ਦੁਖਾਂ ਦਾ ਮੂਲ ਕਾਰਣ ਕਾਮ ਭੋਗ ਹਨ । ਕਾਮ ਭੋਗਾਂ ਉਪਰ ਜਿੱਤ ਹਾਸਲ ਕਰਨ ਵਾਲਾ ਸਾਧਕ, ਸਭ ਪ੍ਰਕਾਰ ਦੇ ਸਰੀਰਕ ਤੇ ਮਾਨਸਿਕ ਕਸ਼ਟਾਂ ਤੋਂ ਛੁਟਕਾਰਾ ਪਾ ਲੈਂਦਾ ਹੈ । **– ਉਤਰਾਧਿਐਨ**

(8) ਇੰਦਰੀਆਂ ਦੇ ਵਿਸ਼ੇ ਨੂੰ ਸੰਸਾਰ ਆਖਦੇ ਹਨ । ਸੰਸਾਰ ਹੀ ਇੰਦਰੀਆਂ ਦਾ ਵਿਸ਼ਾ ਹੈ । – **ਅਚਾਰਾਂਗ**

(9) ਜਿਵੇਂ ਕੱਛੂ ਖਤਰੇ ਦੀ ਜਗ੍ਹਾ, ਆਪਣੇ ਅੰਗਾਂ ਨੂੰ ਸਰੀਰ ਵਿਚ ਸਮੇਟ ਲੈਂਦਾ ਹੈ ਉਸੇ ਪ੍ਰਕਾਰ ਗਿਆਨੀ ਮਨੁੱਖ ਵੀ ਵਿਸ਼ੇ ਵਿਕਾਰ ਤੇ ਮੋਹ ਤੋੜ ਕੇ ਇੰਦਰੀਆਂ ਨੂੰ ਆਤਮ ਗਿਆਨ ਅੰਦਰ ਇਕੱਠਾ ਕਰਕੇ ਰਖੇ । **ਸੂਤਰਕ੍ਰਿਤਾਂਗ**

(10) ਜੋ ਮਨੁੱਖ ਸੁੰਦਰ ਅਤੇ ਪਿਆਰੇ ਭੋਗਾਂ ਨੂੰ ਪ੍ਰਾਪਤ ਕਰਕੇ ਵੀ ਉਨ੍ਹਾਂ ਤੋਂ ਪਿੱਠ ਫੇਰ ਲੈਂਦਾ ਹੈ । ਸਭ ਪ੍ਰਕਾਰ ਦੇ ਭੋਗਾਂ ਦਾ ਤਿਆਗ ਕਰਦਾ ਹੈ ਉਹ ਹੀ ਸੱਚਾ ਤਿਆਗੀ ਹੈ । - **ਦਸ਼ਵੈਕਾਲਿਕ**

# ਅਪਰਿਗ੍ਰਹਿ

## (ਜ਼ਰੂਰਤ ਤੋਂ ਵੱਧ ਵਸਤੂਆਂ ਦਾ ਸੰਗ੍ਰਹਿ ਨਾ ਕਰਨਾ)

(1) ਸੰਸਾਰ ਵਿਚ ਸਭ ਜੀਵਾਂ ਨੂੰ ਜਕੜਨ ਵਾਲੀ ਸੰਗ੍ਰਹਿ ਵਿਰਤੀ ਤੋਂ ਵੱਡੀ ਕੋਈ ਜੰਜੀਰ ਨਹੀਂ । – **ਪ੍ਰਸ਼ਨ ਵਿਆਕਰਨ**

(2) ਜੋ ਮੋਹ ਮਮਤਾ ਵਾਲੀ ਬੁਧੀ ਦਾ ਤਿਆਗ ਕਰਦਾ ਹੈ ਉਹ ਮੋਹ ਮਮਤਾ ਦਾ ਤਿਆਗ ਕਰਦਾ ਹੈ ਅਜਿਹਾ ਜੀਵ ਹੀ ਸੰਸਾਰ ਦਾ ਜੇਤੂ ਹੈ ਜੋ ਮੋਹ ਮਮਤਾ ਨਹੀਂ ਰਖਦਾ ।
– **ਅਚਾਰਾਂਗ**

(3) ਜੀਵ ਆਤਮਾ ਨੂੰ, ਜੋ ਅੱਜ ਤੱਕ ਦੁਖਾਂ ਦੀ ਵਿਰਾਸਤ ਮਿਲੀ ਹੈ ਉਹ ਪਰ ਪਦਾਰਥਾਂ ਪ੍ਰਤੀ ਮਿਲਾਪ ਕਾਰਣ ਮਿਲੀ ਹੈ, ਅਜਿਹੇ ਸਬੰਧ ਹਮੇਸ਼ਾਂ ਲਈ ਤਿਆਗ ਦੇਣੇ ਚਾਹੀਦੇ ਹਨ । - **ਦਸ਼ਵੈਕਾਲਿਕ**

(4) ਵਸਤੂ ਪ੍ਰਤੀ ਲਗਾਵ ਦੀ ਭਾਵਨਾ ਹੀ ਪਰਿਗ੍ਰਹਿ ਹੈ । - **ਪ੍ਰਸ਼ਨ ਵਿਆਕਰਨ**

(5) ਪ੍ਰਮਾਦੀ (ਅਣਗਹਿਲੀ ਕਰਨ ਵਾਲਾ) ਮਨੁੱਖ ਧਨ ਰਾਹੀਂ ਨਾ ਇਸ ਲੋਕ ਵਿਚ ਆਪਣੀ ਰਖਿਆ ਕਰ ਸਕਦਾ ਹੈ ਅਤੇ ਨਾ ਪਰਲੋਕ ਵਿਚ ।
– **ਪ੍ਰਸ਼ਨ ਵਿਆਕਰਨ**

(6) ਮੁਨੀ ਜੋ ਵੀ ਕਪੜੇ, ਭਾਂਡੇ, ਕੰਬਲ ਅਤੇ ਰਜੋਹਰਨ ਰਖਦੇ ਹਨ ਉਹ ਸਭ ਸੰਜਮ ਦੀ ਰਖਿਆ ਲਈ ਰਖਦੇ ਹਨ । ਇਨ੍ਹਾਂ ਸੰਗ੍ਰਹਿ ਪਿਛੇ ਕੋਈ ਵਸਤਾਂ ਦੇ ਇੱਕਠ ਦੀ ਭਾਵਨਾ ਕੰਮ ਨਹੀਂ ਕਰਦੀ । – **ਦਸ਼ਵੈਕਾਲਿਕ**

(7) ਸੰਸਾਰ ਵਿਚ ਪਰਿਗ੍ਰਹਿ ਤੋਂ ਬੜਾ ਕੋਈ ਜੰਜਾਲ ਜਾਂ ਜੰਜੀਰ ਨਹੀਂ ।
– **ਪ੍ਰਸ਼ਨ ਵਿਆਕਰਨ**

(8) ਇਛਾਵਾਂ ਅਕਾਸ਼ ਤੋਂ ਵੀ ਉਚੀਆਂ ਹੁੰਦੀਆਂ ਹਨ । - **ਉਤਰਾਧਿਐਨ**

(9) ਕਾਮਾਨਾਵਾਂ ਦਾ ਅੰਤ ਕਰਨਾ ਹੀ ਦੁੱਖਾਂ ਦਾ ਅੰਤ ਕਰਨਾ ਹੈ ।
– **ਦਸ਼ਵੈਕਾਲਿਕ**

(10) ਸਭ ਪਖੋਂ ਅਹਿੰਸਾ ਤੇ ਮਮਤਾ ਰਹਿਤ ਹੋਣਾ ਬਹੁਤ ਮੁਸ਼ਕਲ ਹੈ ।– **ਉਤਰਾਧਿਐਨ**

(11) ਸੱਚਾ ਸਾਧੂ ਸਰੀਰ ਪ੍ਰਤੀ ਵੀ ਮਮਤਾ ਨਹੀਂ ਰਖਦਾ । – **ਦਸ਼ਵੇਕਾਲਿਕ**

# ਗਿਆਨ

(1) ਪਹਿਲਾਂ ਗਿਆਨ ਹੋਣਾ ਚਾਹੀਦਾ ਹੈ, ਆਚਰਨ ਜਾਂ ਦਿਆ ਪਿਛੋਂ ਆਉਂਦੀ ਹੈ ।

– **ਦਸ਼ਵੇਕਾਲਿਕ**

(2) ਜਿਵੇਂ ਧਾਗੇ ਵਿਚ ਪਿਰੋਈ ਸੂਈ ਗਿਰ ਜਾਣ ਤੇ ਵੀ ਗੁੰਮ ਨਹੀਂ ਹੁੰਦੀ ਉਸੇ ਪ੍ਰਕਾਰ ਗਿਆਨ ਰੂਪੀ ਧਾਗੇ ਵਾਲੀ ਆਤਮਾ ਸੰਸਾਰ ਵਿਚ ਨਹੀਂ ਭਟਕਦੀ ।

– **ਉਤਰਾਧਿਐਨ**

(3) ਆਤਮ ਦਰਸ਼ਟਾ (ਅੰਦਰ ਝਾਤੀ ਮਾਰਨ ਵਾਲੇ) ਨੂੰ ਉਚੀ ਤੇ ਨੀਵੀਂ ਹਰ ਹਾਲਤ ਵਿਚ ਨਾ ਖੁਸ਼ ਹੋਣਾ ਚਾਹੀਦਾ ਹੈ, ਨਾ ਗੁਸੇ । – **ਅਚਾਰਾਂਗ**

(4) ਜੀਵ ਗਿਆਨ ਰਾਹੀਂ ਪਦਾਰਥਾਂ ਦੇ ਸਵਰੂਪ ਨੂੰ ਜਾਣਦਾ ਹੈ ।

– **ਉਤਰਾਧਿਐਨ**

(5) ਗਿਆਨ ਭਰਪੂਰ ਜੀਵ ਹੀ ਸਾਰੇ ਵਸਤਾਂ ਦੇ ਸਵਰੂਪ ਨੂੰ ਜਾਣ ਸਕਦਾ ਹੈ ।

– **ਉਤਰਾਧਿਐਨ**

(6) ਗਿਆਨ ਤੋਂ ਬਿਨਾਂ ਚਾਰਿੱਤਰ (ਸੰਜਮ) ਨਹੀਂ ਹੁੰਦਾ । - **ਉਤਰਾਧਿਐਨ**

# ਸ਼ਰਧਾ

(1) ਧਰਮ ਤੱਤਵ ਪ੍ਰਤੀ ਸ਼ਰਧਾ ਹੋਣਾ ਬਹੁਤ ਹੀ ਦੁਰਲਭ ਹੈ । – **ਉਤਰਾਧਿਐਨ**

(2) ਨਾ ਦੇਖਣ ਵਾਲੇ ! ਤੂੰ ਵੇਖਣ ਵਾਲੇ ਦੀ ਗੱਲ ਤੇ ਵਿਸ਼ਵਾਸ਼ ਕਰ ।

– **ਸੂਤਰਕ੍ਰਿਤਾਂਗ**

(3) ਧਰਮ ਪ੍ਰਤੀ ਸ਼ਰਧਾ ਸਾਨੂੰ ਰਾਗ ਦਵੇਸ਼ ਤੋਂ ਮੁਕਤ ਕਰ ਸਕਦੀ ਹੈ ।

– **ਉਤਰਾਧਿਐਨ**

# ਤੱਪ

(1) ਆਤਮਾ ਨੂੰ ਸਰੀਰ ਤੋਂ ਅੱਡ ਜਾਣ ਕੇ ਭੋਗੀ ਸਰੀਰ ਨੂੰ ਤਪਸਿਆ ਵਿਚ ਲਗਾਉਣਾ ਚਾਹੀਦਾ ਹੈ । - **ਅਚਾਰਾਂਗ**

(2) ਤੱਪ ਰੂਪੀ ਤੀਰ ਕਮਾਨ ਰਾਹੀਂ ਕਰਮ ਰੂਪੀ ਚੋਰ ਦਾ ਖਾਤਮਾਂ ਕਰੋ ।

– **ਉਤਰਾਧਿਐਨ**

(3) ਕਰੋੜਾਂ ਜਨਮਾਂ ਦੇ ਇਕਠੇ ਕਰਮ ਤਪਸਿਆ ਰਾਹੀਂ ਨਸ਼ਟ ਹੋ ਜਾਂਦੇ ਹਨ ।

**– ਦਸ਼ਵੈਕਾਲਿਕ**

(4) ਇਛਾਵਾਂ ਨੂੰ ਰੋਕਣ ਦਾ ਨਾਂ ਤੱਪ ਹੈ । **– ਉਤਰਾਧਿਐਨ**

# ਭਾਵ

(1) ਭਾਵ ਸੱਚ (ਭਾਵ) ਰਾਹੀਂ ਆਤਮਾ (ਭਾਵ) ਸ਼ੁਧੀ ਨੂੰ ਪ੍ਰਾਪਤ ਹੁੰਦੀ ਹੈ ।

**– ਉਤਰਾਧਿਐਨ**

(2) ਭਾਵ ਵਿਸ਼ੁਧੀ ਹੋਣ ਨਾਲ ਜੀਵ, ਵਰਤਮਾਨ ਕਾਲ ਵਿਚ ਅਰਿਹੰਤਾਂ ਰਾਹੀਂ ਦਸੇ ਧਰਮ ਦੀ ਅਰਾਧਨਾ ਵਲ ਅਗੇ ਵਧਦਾ ਹੈ । **– ਉਤਰਾਧਿਐਨ**

# ਸਾਧਨਾ

(1) ਜਿਵੇਂ ਲੋਹੇ ਦੇ ਚਨੇ (ਛੋਲੇ) ਚਬਾਉਣਾ ਕਠਿਨ ਹੈ ਉਸੇ ਪ੍ਰਕਾਰ ਸੰਜਮ ਪਾਲਣਾ ਵੀ ਕਠਿਨ ਹੈ । **– ਸੂਤਰਕ੍ਰਿਤਾਂਗ**

(2) ਗਿਆਨੀ ਪੁਰਸ਼ ਧਿਆਨ ਯੋਗ ਨੇ ਅੰਗੀਕਾਰ ਕਰੇ । ਦੇਹ ਪ੍ਰਤੀ ਮੋਹ ਦੀ ਭਾਵਨਾ ਦਾ ਤਿਆਗ ਹਮੇਸ਼ਾਂ ਲਈ ਕਰ ਦੇਵੇ । **– ਸੂਤਰਕ੍ਰਿਤਾਂਗ**

# ਸਮਭਾਵ (ਇਕ ਸੁਰਤਾ)

(1) ਕਸ਼ਟ ਸਮੇਂ ਮਨ ਨੂੰ ਉਚਾ ਨੀਵਾਂ ਨਹੀਂ ਹੋਣ ਦੇਣਾ ਚਾਹੀਦਾ ।

(2) ਧਰਮੀ ਨੂੰ ਹਮੇਸ਼ਾਂ ਸਮਤਾ ਭਾਵ ਧਾਰਨ ਕਰਨਾ ਚਾਹੀਦਾ ਹੈ ।

(3) ਜੋ ਸਾਧਕ ਸੰਸਾਰ ਨੂੰ ਸਮਭਾਵ ਨਾਲ ਵੇਖਦਾ ਹੈ, ਉਹ ਨਾ ਤਾਂ ਕਿਸੇ ਦਾ ਚਾਹੁਣ ਵਾਲਾ ਹੁੰਦਾ ਹੈ ਨਾ ਹੀ ਕਿਸੇ ਵਲੋਂ ਨਫਰਤ ਯੋਗ ਹੁੰਦਾ ਹੈ ।

**– ਸੂਤਰਕ੍ਰਿਤਾਂਗ**

# ਸਮਿਅੱਕ ਦਰਸ਼ਨ (ਸਹੀ ਵੇਖਣਾ)

(1) ਸਮਿਅਕ ਦਰਸ਼ਨ ਤੋਂ ਬਿਨਾਂ ਗਿਆਨ ਨਹੀਂ ਹੁੰਦਾ । **– ਉਤਰਾਧਿਐਨ**

(2) ਸਮਿਅਕਤਵ ਤੋਂ ਬਿਨਾਂ ਚਾਰਿਤਰ ਆਦਿ ਗੁਣਾਂ ਦੀ ਪ੍ਰਾਪਤੀ ਨਹੀਂ ਹੁੰਦੀ ।

**– ਉਤਰਾਧਿਐਨ**

# ਵੀਤਰਾਗਤਾ

(1) ਜੋ ਮਨ ਨੂੰ ਚੰਗੇ ਅਤੇ ਮੰਦੇ ਲੱਗਣ ਵਾਲੇ ਰਸਾਂ ਵਿਚ ਇਕ ਸਮਾਨ ਰਹਿੰਦਾ ਹੈ ਉਹ ਹੀ ਵੀਤਰਾਗੀ ਹੈ ।- **ਉਤਰਾਧਿਐਨ**

(2) ਜੋ ਸਾਧਕ ਕਾਮਨਾਵਾ ਤੇ ਜਿੱਤ ਹਾਸਲ ਕਰ ਚੁੱਕਾ ਹੈ ਉਹ ਹੀ ਮੁਕਤ ਪੁਰਸ਼ ਹੈ।

**– ਅਚਾਰਾਂਗ**

(3) ਵੀਤਰਾਗੀ ਮਨੁੱਖ ਦੁੱਖ ਸੁੱਖ ਵਿਚ ਸਮ (ਇਕ) ਰਹਿੰਦਾ ਹੈ ।- ਸੂਤਰਕ੍ਰਿਤਾਂਗ

(4) ਆਤਮਾ ਬਾਰੇ ਜਾਨਣ ਵਾਲੇ ਸਾਧੂ ਨੂੰ ਲਗਾਵ ਦੀ ਭਾਵਨਾ ਤੋਂ ਰਹਿਤ ਹੋ ਕੇ ਸਾਰੇ ਕਸ਼ਟਾਂ ਨੂੰ ਸਹਿਣਾ ਚਾਹੀਦਾ ਹੈ । **– ਸੂਤਰਕ੍ਰਿਤਾਂਗ**

# ਜੀਵ ਆਤਮਾ

(1) ਉਪਯੋਗ (ਸੋਚ) ਜੀਵ ਦਾ ਲੱਛਣ ਹੈ । **– ਉਤਰਾਧਿਐਨ**

(2) ਗਿਆਨ, ਦਰਸ਼ਨ, ਚਾਰਿਤਰ, ਤਪ, ਵੀਰਜ (ਆਤਮ ਸ਼ਕਤੀ) ਅਤੇ ਉਪਯੋਗ ਜੀਵ ਦੇ ਲੱਛਣ ਹਨ । - **ਉਤਰਾਧਿਐਨ**

(3) ਆਤਮਾ ਚੇਤਨਾ ਸਦਕਾ ਕਰਮ ਕਰਦੀ ਹੈ, ਚੇਤਨਾ ਰਹਿਤ ਕੋਈ ਕੰਮ ਨਹੀਂ ਕਰਦੀ।

**– ਭਗਵਤੀ ਸੂਤਰ**

(4) ਜੀਵ ਸ਼ਾਸ਼ਵਤ (ਹਮੇਸ਼ਾਂ ਰਹਿਣ ਵਾਲਾ) ਵੀ ਹੈ ਅਤੇ ਅਸ਼ਾਸ਼ਵਤ (ਖਤਮ ਹੋਣ ਵਾਲਾ) ਵੀ ਹੈ । ਦਰਵ ਦਰਿਸ਼ਟੀ (ਸਰੀਰ) ਪਖੋਂ ਜੀਵ ਸ਼ਾਸ਼ਵਤ ਹੈ ਅਤੇ ਭਾਵ ਦਰਿਸ਼ਟੀ (ਆਤਮਾ) ਪਖੋਂ ਅਸ਼ਾਸ਼ਵਤ ਹੈ ।

(5) ਜੋ ਜੀਵ ਹੈ ਉਹ ਹੀ ਚੇਤਨਾ ਹੈ । ਜੋ ਚੇਤਨਾ ਹੈ ਉਹ ਹੀ ਜੀਵ ਹੈ ।

**– ਭਗਵਤੀ ਸੂਤਰ**

(6) ਜੋ ਇਕ ਆਤਮਾ ਨੂੰ ਜਾਣਦਾ ਹੈ ਉਹ ਸਭ ਨੂੰ ਜਾਣਦਾ ਹੈ ਜੋ ਸਭ ਨੂੰ ਜਾਣਦਾ ਹੈ ਉਹ ਇਕ ਨੂੰ ਜਾਣਦਾ ਹੈ । - **ਅਚਾਰਾਂਗ**

(7) ਹੇ ਪੁਰਸ਼ ! ਤੂੰ ਆਪਣੇ ਆਪ ਤੇ ਕਾਬੂ ਕਰ (ਇਸ ਤਰ੍ਹਾਂ ਕਰਨ ਨਾਲ ਤੂੰ ਸਭ ਦੁੱਖਾਂ ਤੋਂ ਮੁਕਤ ਹੋ ਜਾਵੇਂਗਾ ।

(8) ਆਤਮਾ ਦਾ ਹੀ ਦਮਨ ਕਰਨਾ ਚਾਹੀਦਾ ਹੈ । ਕਿਉਂਕਿ ਆਤਮਾ ਤੇ ਕਾਬੂ ਕਰਨਾ ਹੀ ਔਖਾ ਹੈ । ਆਤਮਾ ਦੇ ਦਮਨ ਕਰਨ ਵਾਲਾ ਲੋਕ ਅਤੇ ਪਰਲੋਕ ਦੋਹਾਂ ਵਿਚ ਸੁਖੀ ਹੁੰਦਾ ਹੈ ।

(9) " ਦੂਸਰੇ ਲੋਕ ਬੰਧਨ (ਜੰਜੀਰ) ਅਤੇ ਬੱਧ (ਹਤਿਆ) ਰਾਹੀਂ ਮੇਰਾ ਦਮਨ ਕਰਨਾ ਚੰਗਾ ਹੈ ਮੈਂ ਸੰਜਮ ਅਤੇ ਤੱਪ ਰਾਹੀਂ ਆਤਮਾ ਤੇ ਕਾਬੂ ਕਰਾਂ ।- **ਅਚਾਰਾਂਗ**

(10) ਜੋ ਆਤਮਾ ਹੈ ਉਹ ਹੀ ਵਿਗਿਆਨ ਹੈ । ਜੋ ਵਿਗਿਆਨ ਹੈ ਉਹ ਹੀ ਆਤਮਾ ਹੈ ਜਿਸ ਰਾਹੀਂ ਜਾਣਿਆ ਜਾਵੇ, ਉਹ ਆਤਮਾ ਹੈ ਜਾਨਣ ਦੀ ਸ਼ਕਤੀ ਤੋਂ ਹੀ ਆਤਮਾ ਦੀ ਪ੍ਰਤੀਤ ਹੁੰਦੀ ਹੈ । - **ਅਚਾਰਾਂਗ**

(11) ਜੋ ਕੋਈ ਮਨੁੱਖ ਭਾਰੀ ਜੰਗ ਵਿਚ 10 ਲੱਖ ਸੂਰਵੀਰਾਂ ਤੇ ਜਿੱਤਹਾਸਲ ਕਰਦਾ ਹੈ। ਉਸ ਸੂਰਵੀਰ ਪਖੋਂ ਆਤਮ ਜੇਤੂ ਮਹਾਨ ਹੈ । ਆਤਮਾ ਦੀ ਜਿੱਤ ਹੀ ਸਚੀ ਜਿੱਤ ਹੈ । - **ਉੱਤਰਾਧਿਐਨ**

(12) ਆਤਮਾ ਹੋਰ ਹੈ ਅਤੇ ਸਰੀਰ ਹੋਰ । - **ਸੂਤਰਕ੍ਰਿਤਾਂਗ**

(13) " ਸ਼ਬਦ, ਰੂਪ, ਗੰਧ ਆਦਿ ਕਾਮ ਭੋਗ (ਜੜ ਪਦਾਰਥ) ਹੋਰ ਹਨ ਅਤੇ ਮੈਂ ਹੋਰ ਹਾਂ। – **ਸੂਤਰਕ੍ਰਿਤਾਂਗ**

(14) " ਪੁਰਸ਼ । ਤੂੰ ਖੁਦ ਆਪਣਾ ਦੋਸਤ ਹੈ । ਬਾਹਰਲੇ ਦੋਸਤ ਕਿਉ ਭਾਲਦਾ ਫਿਰਦਾ ਹੈਂ ? – **ਅਚਾਰਾਂਗ**

(15) ਸਵਰੂਪ ਪਖੋਂ ਸਭ ਆਤਮਾਵਾਂ ਇਕ ਸਮਾਨ ਹਨ । - **ਸਥਾਨਾਂਗ**

(16) ਆਤਮਾ ਦੇ ਵਰਨਣ ਸਮੇਂ ਸਾਰੇ ਸ਼ਬਦ ਆਪਣੇ ਆਪ ਖਤਮ ਹੋ ਜਾਂਦੇ ਹਨ । ਉਥੇ ਤਰਕ ਦੀ ਕੋਈ ਜਗ੍ਹਾ ਨਹੀਂ । ਬੁਧੀ ਵੀ ਇਸਨੂੰ ਠੀਕ ਤਰ੍ਹਾਂ ਗ੍ਰਹਿਣ ਨਹੀਂ ਕਰ ਸਕਦੀ । - **ਭਗਵਤੀ**

(17) ਆਤਮਾ ਹੀ ਦੁਖ ਪੈਦਾ ਕਰਦਾ ਹੈ, ਕੋਈ ਹੋਰ ਨਹੀਂ । - **ਭਗਵਤੀ**

(18) ਹਮੇਸ਼ਾਂ ਆਤਮਾ ਨੂੰ ਪਾਪ ਕਰਮਾਂ ਤੋਂ ਬਚਾ ਕੇ ਰਖੋ । - **ਦਸ਼ਵੈਕਾਲਿਕ**

(19) ਆਪਣੀ ਆਤਮਾ ਹੀ ਨਰਕ ਵਿਚ ਵੈਤਰਣੀ ਨਦੀ ਹੈ ਅਤੇ ਕੁੜਸ਼ਾਮਲੀ ਬ੍ਰਿਖ ਹੈ ਆਤਮਾ ਹੀ ਸਵਰਗ ਦਾ ਨੰਦਨ ਬਨ ਅਤੇ ਕਾਮ ਧੇਨੂ ਗਾਂ ਹੈ । – **ਉਤਰਾਧਿਐਨ**

(20) ਮਨੁਖੋ ! ਜਾਗੋ ! ਜਾਗੋ ! ਕਿਉ ਨਹੀਂ ਜਾਗਦੇ । ਪਰਲੋਕ ਵਿਚੋਂ ਮੁੜ ਜਾਗਣਾ ਦੁਰਲਭ ਹੈ । ਬੀਤੀਆਂ ਹੋਈਆਂ ਰਾਤਾਂ ਵਾਪਸ ਨਹੀਂ ਆਉਂਦੀਆਂ । ਮਨੁੱਖ ਦਾ ਜੀਵਨ ਮਿਲਣਾ ਬਹੁਤ ਔਖਾ ਹੈ । - **ਸੂਤਰਕ੍ਰਿਤਾਂਗ**

(21) ਹਰ ਵਿਚਾਰਕ ਸੋਚੇ, ਮੈਂ ਕੀ ਕਰ ਲਿਆ ਹੈ, ਅਤੇ ਕੀ ਕਰਨਾ ਬਾਕੀ ਹੈ ? ਕਿਹੜਾ ਕੰਮ ਸ਼ੱਕ ਵਾਲਾ ਹੈ, ਜਿਸਨੂੰ ਮੈਂ ਨਹੀਂ ਕਰ ਸਕਦਾ । - **ਦਸ਼ਵੈਕਾਲਿਕ**

(22) ਆਤਮਾ ਹੀ ਆਪਣੇ ਸੁੱਖ ਦੁੱਖ ਦਾ ਕਰਤਾ ਅਤੇ ਭੋਗਣ ਵਾਲਾ ਹੈ । ਚੰਗੇ ਰਾਹ ਤੇ ਚੱਲਣ ਵਾਲੀ ਆਤਮਾ ਮਨੁੱਖ ਦੀ ਮਿੱਤਰ ਹੈ ਅਤੇ ਬੁਰੇ ਰਾਹ ਤੇ ਚੱਲਣ ਵਾਲੀ ਦੁਸ਼ਮਣ ਹੈ । - **ਉਤਰਾਧਿਐਨ**

(23) ਪਹਿਲਾਂ ਗਿਆਨ ਹੈ । ਪਿਛੋਂ ਦਿਆ ਆਦਿ (ਆਚਰਣ) ਇਸ ਪ੍ਰਕਾਰ ਸਮੁਚਾ ਤਿਆਗੀ ਵਰਗ ਆਪਣੀ ਸੰਜ਼ਮ ਯਾਤਰਾ ਦੇ ਲਈ ਅਗੇ ਵਧਦਾ ਹੈ । ਭਲਾ ਅਗਿਆਨੀ ਮਨੁੱਖ ਕੀ ਆਤਮਾ ਸਾਧਨਾ ਕਰੇਗਾ ? - **ਦਸ਼ਵੈਕਾਲਿਕ**